# ਸਿੱਖਣ ਦੇ ਮਿਆਰਾਂ ਸੰਬੰਧੀ ਪਬਲਿਕ ਟਿੱਪਣੀਆਂ

## ਸਿੱਖਣ ਦੇ ਮਿਆਰਾਂ ਸੰਬੰਧੀ ਕੁੱਲ ਅੱਪਡੇਟ

ਅੰਗਰੇਜ਼ੀ ਭਾਸ਼ਾ ਕਲਾ (ELA), ਗਣਿਤ ਅਤੇ ਵਿਗਿਆਨ ਲਈ K–12 ਸਿੱਖਣ ਦੇ ਮਿਆਰਾਂ ਨੂੰ ਵਿਸ਼ਾ-ਸਮੱਗਰੀ ਨੂੰ ਅੱਪਡੇਟ ਕਰਨ, ਮਿਆਰੀ ਭਾਸ਼ਾ ਵਿੱਚ ਸਪਸ਼ਟਤਾ ਦੇਣ ਅਤੇ ਵਿਸ਼ਵਵਿਆਪੀ ਸਿੱਖਿਆ ਨੂੰ ਦਰਸਾਉਣ ਲਈ ਤਰਜੀਹ ਵਾਲੇ ਮਿਆਰਾਂ ਨੂੰ ਸ਼ਾਮਲ ਕਰਨ ਲਈ ਸੋਧਿਆ ਗਿਆ ਹੈ ਜੋ ਸਾਡੇ K–12 ਸਿਸਟਮ ਵਿੱਚ ਹਰੇਕ ਸਿੱਖਣ ਵਾਲੇ ਲਈ ਬੁਨਿਆਦ ਹੋਣੇ ਚਾਹੀਦੇ ਹਨ। ਤਰਜੀਹ ਵਾਲੇ ਮਿਆਰਾਂ ਦੀ ਪਛਾਣ ਕਰਕੇ, ਅਸੀਂ ਰਾਜ ਭਰ ਵਿੱਚ ਸਿੱਖਿਆ ਦੀ ਸਮਾਨਤਾ ਨੂੰ ਯਕੀਨੀ ਬਣਾ ਸਕਦੇ ਹਾਂ। ਹਰ ਕਲਾਸਰੂਮ ਅਤੇ ਸਿੱਖਣ ਦੇ ਤਜਰਬੇ ਵਿੱਚ, ਸਾਰੇ ਵਿਦਿਆਰਥੀਆਂ ਨੂੰ Tier 1(ਟੀਅਰ 1) ਦੇ ਦਿਸ਼ਾ-ਨਿਰਦੇਸ਼, ਦਖਲਅੰਦਾਜ਼ੀਆਂ ਅਤੇ ਸਹਿਯੋਗਾਂ ਦੇ ਹਿੱਸੇ ਵਜੋਂ ਸਿੱਖਣ ਦੇ ਇੱਕੋ ਜਿਹੇ ਮਿਆਰਾਂ 'ਤੇ ਕੁਸ਼ਲਤਾ/ਕਾਬਲੀਅਤ ਨੂੰ ਵਿਕਸਿਤ ਕਰਨ ਤੱਕ ਪਹੁੰਚ ਹੋਵੇਗੀ।

ਸਿੱਖਣ ਦੇ ਮਿਆਰਾਂ ਦੇ ਸੰਸ਼ੋਧਨਾਂ ਅਤੇ ਅੱਪਡੇਟਾਂ ਗਣਿਤ ਅਤੇ ELA ਲਈ ਇਸ ਸਮੇਂ ਵਰਤੇ ਜਾਣ ਵਾਲੇ ਕਾਮਨ ਕੋਰ ਸਟੇਟ ਸਟੈਂਡਰਡਸ ਅਤੇ ਵਿਗਿਆਨ ਲਈ ਅਗਲੀ ਪੀੜ੍ਹੀ ਦੇ ਵਿਗਿਆਨ ਦੇ ਮਿਆਰਾਂ 'ਤੇ ਆਧਾਰਿਤ ਹਨ। ਇਸ ਸਾਲ ਦੇ ਅੰਤ ਵਿੱਚ, ਉਨ੍ਹਾਂ ਦੇ ਅਧਿਕਾਰਤ ਤੌਰ 'ਤੇ ਅਪਨਾਉਣ 'ਤੇ ਮਿਆਰਾਂ ਦੇ ਨਾਲ ਸਹਾਇਕ ਦਸਤਾਵੇਜ਼ ਵੀ ਹੋਣਗੇ। ਇਸ ਵਿੱਚ ਪਰਿਵਾਰ/ਦੇਖਭਾਲ ਕਰਨ ਵਾਲੇ ਗਾਈਡਾਂ, ਦਸਤਾਵੇਜ਼ਾਂ ਨੂੰ ਖੋਲ੍ਹਣਾ, ਅਤੇ ਸਿੱਖਣ ਦੇ ਮਿਆਰਾਂ ਨੂੰ ਲਾਗੂ ਕਰਨ ਲਈ ਸਹਿਯੋਗ ਸ਼ਾਮਲ ਹਨ। ਸਿੱਖਿਅਕਾਂ ਲਈ ਸਿੱਖਣ ਦੇ ਪੇਸ਼ੇਵਰ ਮੌਕੇ ਵੀ ਸਿੱਖਣ ਦੇ ਅੱਪਡੇਟ ਕੀਤੇ ਗਏ ਮਿਆਰਾਂ ਨੂੰ ਲਾਗੂ ਕਰਨ ਵਿੱਚ ਸਹਿਯੋਗ ਪ੍ਰਦਾਨ ਕਰਨ ਲਈ ਅਨੇਕਾਂ ਭਾਈਵਾਲੀਆਂ ਰਾਹੀਂ ਪ੍ਰਦਾਨ ਕੀਤੇ ਜਾਣਗੇ।

### ਗਣਿਤ ਸੰਬੰਧੀ ਅੱਪਡੇਟ

ਗਣਿਤ ਲਈ ਵਾਸ਼ਿੰਗਟਨ ਸਟੇਟ K–12 ਸਿੱਖਣ ਦੇ ਮਿਆਰਾਂ ਨੂੰ ਸਥਾਨਕ ਪ੍ਰਸੰਗਾਂ ਵਿੱਚ ਸਹਿਯੋਗ ਕਰਨ ਲਈ ਸਪੱਸ਼ਟਤਾ ਵਿੱਚ ਵਾਧਾ ਕਰਦੇ ਹੋਏ ਕਾਮਨ ਕੋਰ ਸਟੇਟ ਸਟੈਂਡਰਡਸ ਦੇ ਮੂਲ ਢਾਂਚੇ ਨੂੰ ਬਣਾਈ ਰੱਖਣ ਲਈ ਸੋਧਿਆ ਗਿਆ ਹੈ। ਇਹਨਾਂ ਸੋਧਾਂ ਦਾ ਮਕਸਦ ਵਿਦਿਆਰਥੀਆਂ ਦੀ ਸਿਖਲਾਈ ਵਿੱਚ ਸਹਿਯੋਗ ਕਰਨਾ, ਸਾਰੇ ਗ੍ਰੇਡ ਪੱਧਰਾਂ ਵਿੱਚ ਡੇਟਾ ਵਿਗਿਆਨ ਨੂੰ ਸ਼ਾਮਿਲ ਕਰਨਾ, ਅਤੇ ਗਣਿਤ ਦੇ ਪ੍ਰਵਾਹ ਵਿੱਚ ਲਚਕਤਾ, ਕੁਸ਼ਲਤਾ ਅਤੇ ਸਟੀਕਤਾ 'ਤੇ ਜ਼ੋਰ ਦੇਣਾ ਹੈ। ਅੱਪਡੇਟ ਕੀਤੇ ਗਏ ਮਿਆਰ ਵਿਦਿਆਰਥੀਆਂ ਨੂੰ ਸਮੱਸਿਆ-ਹੱਲ ਕਰਨ ਅਤੇ ਉਹਨਾਂ ਦੀ ਸੋਚ ਦਾ ਸੰਚਾਰ ਕਰਨ, ਗਣਿਤ ਦੀਆਂ ਧਾਰਨਾਵਾਂ ਨਾਲ ਡੂੰਘੀ ਸਮਝ ਅਤੇ ਉਹਨਾਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਕਈ ਤਰੀਕਿਆਂ 'ਤੇ ਵਿਚਾਰ ਕਰਨ ਲਈ ਉਤਸ਼ਾਹਿਤ ਕਰਦੇ ਹਨ।

ਮੁੱਖ ਤਬਦੀਲੀਆਂ ਵਿੱਚ ਸ਼ੁਰੂਆਤੀ ਗ੍ਰੇਡਾਂ ਵਿੱਚ ਡੇਟਾ ਸਾਖਰਤਾ ਨੂੰ ਉਤਸ਼ਾਹਤ ਕਰਨ ਅਤੇ ਬਾਅਦ ਦੇ ਗ੍ਰੇਡਾਂ ਵਿੱਚ ਡੇਟਾ ਬਣਾਉਣ ਅਤੇ ਆਲੋਚਨਾਤਮਕ ਤੌਰ 'ਤੇ ਨਿਰੀਖਣ ਕਰਨ ਲਈ ਡੇਟਾ ਵਿਗਿਆਨ ਦੇ ਮਾਪਦੰਡਾਂ ਦੀ ਸ਼ੁਰੂਆਤ ਸ਼ਾਮਲ ਹੈ, ਅਤੇ ਰੱਟ ਕੇ ਯਾਦ ਕਰਨ ਦੀ ਬਜਾਏ ਲਚਕਦਾਰ, ਕੁਸ਼ਲ, ਅਤੇ ਸਮੱਸਿਆ-ਹੱਲ ਕਰਨ ਦੀਆਂ ਸਹੀ ਰਣਨੀਤੀਆਂ 'ਤੇ ਧਿਆਨ ਕੇਂਦਰਿਤ ਕਰਨ ਲਈ ਪਹੁੰਚ ਵਿੱਚ ਤਬਦੀਲੀ ਸ਼ਾਮਲ ਹੈ। ਸੰਸ਼ੋਧਿਤ ਕੀਤੇ ਗਏ ਮਾਪਦੰਡ ਹਾਈ ਸਕੂਲ ਦੇ ਗਣਿਤ ਦੀਆਂ ਲੋੜਾਂ ਨੂੰ ਵੀ ਸਪੱਸ਼ਟ ਕਰਦੇ ਹਨ, ਪਹਿਲੇ ਦੋ ਕ੍ਰੈਡਿਟ ਲਈ ਵਿਸ਼ਾ-ਸਮਗਰੀ ਨੂੰ ਨਿਸ਼ਚਿਤ ਕਰਦੇ ਹਨ, ਅਤੇ ਆਪਣੇ ਤੀਜੇ ਕ੍ਰੈਡਿਟ ਲਈ ਵਿਦਿਆਰਥੀ ਦੇ ਹਾਈ ਸਕੂਲ ਅਤੇ ਬਿਓਂਡ ਪਲਾਨ ਲਈ ਸਹਿਯੋਗ ਪ੍ਰਦਾਨ ਕਰਦੇ ਹਨ। ਇਹ ਅੱਪਡੇਟਾਂ ਵਿਦਿਆਰਥੀਆਂ ਦੀ ਅਨੇਕ ਦ੍ਰਿਸ਼ਟੀਕੋਣਾਂ ਤੋਂ ਗਣਿਤ ਦੀ ਸਮਝ ਦੀ ਡੂੰਘਾਈ ਨੂੰ ਵਧਾਉਣ ਲਈ ਤਿਆਰ ਕੀਤੇ ਗਏ ਹਨ, ਵਿਦਿਆਰਥੀਆਂ ਨੂੰ ਡੇਟਾ-ਸੰਚਾਲਿਤ ਸੰਸਾਰ ਲਈ ਤਿਆਰ ਕਰਦੇ ਹਨ ਅਤੇ ਭਵਿੱਖ ਵਿੱਚ ਸਿੱਖਣ ਲਈ ਇੱਕ ਮਜ਼ਬੂਤ ਬੁਨਿਆਦ ਨੂੰ ਯਕੀਨੀ ਬਣਾਉਂਦੇ ਹਨ।

### ਵਿਗਿਆਨ ਅੱਪਡੇਟ

ਵਾਸ਼ਿੰਗਟਨ ਸਟੇਟ K–12 ਲਰਨਿੰਗ ਸਟੈਂਡਰਡਸ ਫਾਰ ਸਾਇੰਸ ਦਸਤਾਵੇਜ਼ ਇੱਕ ਵਿਸਤ੍ਰਿਤ ਢਾਂਚੇ ਦੀ ਰੂਪਰੇਖਾ ਦਿੰਦਾ ਹੈ ਜੋ ਮੌਜੂਦਾ NGSS K–12 ਮਿਆਰਾਂ ਨੂੰ ਨਵੇਂ ਤਰਜੀਹ ਵਾਲੇ ਮਾਪਦੰਡਾਂ ਨਾਲ ਜੋੜਦਾ ਹੈ ਅਤੇ

ਵਾਤਾਵਰਨ ਅਤੇ ਸਥਿਰਤਾ ਦੇ ਮਿਆਰਾਂ (ESE) ਤਰਜੀਹ ਵਾਲੇ ਮਿਆਰ ਵਿਗਿਆਨ ਦੇ ਹਰੇਕ ਖ਼ੇਤਰ ਲਈ ਮੂਲ ਧਾਰਣਾਵਾਂ ਨੂੰ ਪਰਿਭਾਸ਼ਿਤ ਕਰਦੇ ਹਨ, ਸਾਰੀ ਵਿਸ਼ਾ-ਸਮੱਗਰੀ ਦੇ ਖੇਤਰਾਂ ਵਿੱਚ ਵਿਦਿਆਰਥੀ ਦੇ ਵਿਆਪਕ ਤਰੀਕੇ ਨਾਲ ਸਿੱਖਣ ਨੂੰ ਯਕੀਨੀ ਬਣਾਉਂਦੇ ਹਨ। NGSS ਵੱਲੋਂ ਸਹਿਯੋਗੀ ਮਾਪਦੰਡ, ਦਿਸ਼ਾ-ਨਿਰਦੇਸ਼ ਵਾਲੇ ਡਿਜ਼ਾਈਨ ਦੀ ਅਗਵਾਈ ਕਰਨ ਅਤੇ ਇਹਨਾਂ ਮੁੱਖ

ਵਿਚਾਰਾਂ ਵੱਲ ਪ੍ਰਗਤੀ ਦਾ ਮੁਲਾਂਕਣ ਕਰਨ ਲਈ ਮਾਪਦੰਡ ਵਜੋਂ ਕੰਮ ਕਰਦੇ ਹਨ। ਇਹ ਢਾਂਚਾਗਤ ਤਰੀਕਾ ਸਿੱਖਿਅਕਾਂ ਨੂੰ ਅਜਿਹੇ ਪਾਠ ਬਣਾਉਣ ਦੀ ਆਗਿਆ ਦਿੰਦਾ ਹੈ ਜੋ ਵਿਦਿਆਰਥੀ ਦੀ ਉਪਲੱਬਧੀ ਲਈ ਇੱਕ ਸਪਸ਼ਟ ਮਾਰਗ ਪ੍ਰਦਾਨ ਕਰਦੇ ਹੋਏ, ਵਿਆਪਕ ਤਰਜੀਹ ਦੇ ਮਿਆਰਾਂ ਨਾਲ ਮੇਲ ਖਾਂਦੇ ਹਨ।

ਇਸ ਤੋਂ ਇਲਾਵਾ, ਸੋਧੇ ਗਏ ਮਿਆਰ ਜਲਵਾਯੂ ਵਿਗਿਆਨ, ਇੰਜੀਨੀਅਰਿੰਗ, ਅਤੇ ਵਾਤਾਵਰਣ ਸਥਿਰਤਾ 'ਤੇ ਧਿਆਨ ਦੇਣ ਲਈ ਵਿਸ਼ੇਸ਼ ਟੈਗਸ ਦੀ ਪੇਸ਼ਕਸ਼ ਕਰਦੇ ਹਨ। [ਜਲਵਾਯੂ] ਟੈਗ ਨਾਲ ਚਿੰਨ੍ਹਿਤ ਮਾਨਕ ਧਰਤੀ ਦੀਆਂ ਪ੍ਰਣਾਲੀਆਂ ਅਤੇ ਮਨੁੱਖੀ ਗਤੀਵਿਧੀਆਂ ਦੇ ਵਿਚਕਾਰ ਅੰਤਰ ਨੂੰ ਸੰਬੋਧਿਤ ਕਰਦੇ ਹਨ, ਜਦੋਂ ਕਿ [ਇੰਜੀਨੀਅਰਿੰਗ] ਟੈਗ ਵਾਲੇ ਇੰਜਨੀਅਰਿੰਗ ਦੀਆਂ ਮੁੱਖ ਧਾਰਣਾਵਾਂ 'ਤੇ ਜ਼ੋਰ ਦਿੰਦੇ ਹਨ, ਹਾਲਾਂਕਿ ਦੂਜੇ ਮਿਆਰਾਂ ਵਿੱਚ ਏਕੀਕਰਣ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। [ESE] ਟੈਗ ਉਹਨਾਂ ਮਿਆਰਾਂ ਨੂੰ ਦਰਸਾਉਂਦਾ ਹੈ ਜੋ ਵਿਗਿਆਨ ਨੂੰ ਸਮਾਜਿਕ ਅਧਿਐਨਾਂ ਨਾਲ ਮਿਲਾਉਂਦੇ ਹਨ ਤਾਂ ਜੋ ਸਥਾਨਕ ਅਤੇ ਆਲਮੀ ਵਾਤਾਵਰਣ ਸੰਬੰਧੀ ਮੁੱਦਿਆਂ ਨੂੰ ਹੱਲ ਕੀਤਾ ਜਾ ਸਕੇ, ਸਮੱਸਿਆ ਨੂੰ ਹੱਲ ਕਰਨ ਦੇ ਵਿਹਾਰਕ ਹੁਨਰ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਆਪਣੀ ਵਿਗਿਆਨ ਦੀ ਸਿੱਖਿਆ ਦੇ ਦੌਰਾਨ, ਵਿਦਿਆਰਥੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਸਾਰੇ ਵਿਗਿਆਨ ਅਤੇ ਇੰਜੀਨੀਅਰਿੰਗ ਅਭਿਆਸਾਂ (SEPs) ਅਤੇ ਕ੍ਰਾਸਕਟਿੰਗ ਧਾਰਣਾਵਾਂ (CCCs) ਨਾਲ ਜੁੜਨਗੇ, ਜਿਸ ਨਾਲ ਸਿੱਖਣ ਵਾਸਤੇ ਸੰਪੂਰਨ ਅਤੇ ਸ਼ਾਮਿਲ ਕਰਨ ਵਾਲੇ ਤਰੀਕੇ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

## ਅੰਗਰੇਜ਼ੀ ਭਾਸ਼ਾ ਕਲਾ ਅੱਪਡੇਟ

ਜਦੋਂ ਤੋਂ ਵਾਸ਼ਿੰਗਟਨ ਸਟੇਟ ਨੇ 2011 ਵਿੱਚ ਅੰਗਰੇਜ਼ੀ ਭਾਸ਼ਾ ਕਲਾ (ELA) ਆਮ ਕੋਰ ਸਟੇਟ ਮਿਆਰਾਂ (CCSS) ਨੂੰ ਅਪਣਾਇਆ ਹੈ, ਸਾਖਰਤਾ ਦੀਆਂ ਉਮੀਦਾਂ ਵਿਕਸਿਤ ਹੋਈਆਂ ਹਨ ਕਿਉਂਕਿ ਵਿਦਿਆਰਥੀਆਂ ਨੂੰ ਨਵੀਆਂ ਸ਼ੈਲੀਆਂ, ਮੀਡੀਆ ਅਤੇ ਤਕਨਾਲੋਜੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ, ELA ਲਈ ਅੱਪਡੇਟ ਕੀਤੇ ਵਾਸ਼ਿੰਗਟਨ ਸਟੇਟ K-12 ਸਿੱਖਿਆ ਦੇ ਮਿਆਰਾਂ, ELA ਕਲਾਸਰੂਮ ਵਿੱਚ ਮੀਡੀਆ ਸਾਖਰਤਾ ਅਤੇ ਡਿਜੀਟਲ ਨਾਗਰਿਕਤਾ ਸ਼ਾਮਲ ਕੀਤਾ ਗਿਆ ਹੈ, ਜੋ ਕਿ ਆਲੋਚਨਾਤਮਕ ਸੋਚ ਅਤੇ ਪ੍ਰਕਿਰਿਆ-ਅਧਾਰਿਤ ਸਿੱਖਿਆ 'ਤੇ ਜ਼ੋਰ ਦਿੰਦੇ ਹਨ। ਸੋਧਾਂ ਮੌਜੂਦਾ ਖੋਜ ਨੂੰ ਵੀ ਦਰਸਾਉਂਦੀਆਂ ਹਨ, ਢੁੱਕਵੀਆਂ ਚੀਜ਼ਾਂ ਨੂੰ ਤਰਜੀਹ ਦਿੰਦੀਆਂ ਹਨ, ਕਠੋਰਤਾ ਨੂੰ ਵਧਾਉਂਦੀਆਂ ਹਨ, ਅਤੇ ਵਾਰ-ਵਾਰ ਆਉਣ ਵਾਲੀਆਂ ਚੀਜ਼ਾਂ ਨੂੰ ਘਟਾ ਕੇ ਮਿਆਰਾਂ ਨੂੰ ਵਧੇਰੇ ਉਪਭੋਗਤਾ-ਅਨੁਕੂਲ ਬਣਾਉਂਦੀਆਂ ਹਨ।

ਡਿਜੀਟਲ ਯੁੱਗ ਵਿੱਚ ਸੰਚਾਰ ਨੂੰ ਸੰਬੋਧਿਤ ਕਰਨ ਲਈ, ਮੀਡੀਆ ਸਾਖਰਤਾ ਦੇ ਨਵੇਂ ਮਿਆਰ ਵਿਦਿਆਰਥੀਆਂ ਨੂੰ ਮੀਡੀਆ ਸੰਦੇਸ਼ਾਂ ਅਤੇ ਸੂਚਨਾ ਦੇ ਸਰੋਤਾਂ ਬਾਰੇ ਗੰਭੀਰਤਾ ਨਾਲ ਸੋਚਣ ਲਈ ਪ੍ਰੇਰਣਾ ਦਿੰਦੇ ਹਨ, ਤਾਂ ਜੋ ਉਹ ਜਾਣਕਾਰੀ ਦੇ ਮਾਹੌਲ ਵਿੱਚ ਹਿੱਸਾ ਲੈਣ ਦੇ ਤਰੀਕੇ ਬਾਰੇ ਸੂਚਿਤ ਫੈਸਲੇ ਲੈਣ ਲਈ ਤਿਆਰ ਰਹਿਣ। ਖੋਜ ਦੇ ਮਿਆਰਾਂ ਨੂੰ ਮੀਡੀਆ ਸਾਖਰਤਾ ਮਿਆਰਾਂ ਦੇ ਅੱਗੇ ਲਿਜਾਇਆ ਗਿਆ ਹੈ, ਜੋ ਕਿ ਖੋਜ ਦੇ ਦੌਰਾਨ ਜਾਣਕਾਰੀ ਦੀ ਸ਼ੁੱਧਤਾ ਅਤੇ ਜਾਣਕਾਰੀ ਸਰੋਤਾਂ ਦੀ ਭਰੋਸੇਯੋਗਤਾ ਦਾ ਮੁਲਾਂਕਣ ਕਰਨ ਦੀ ਜ਼ਰੂਰਤ ਨੂੰ ਦਰਸਾਉਂਦਾ ਹੈ।

ਦੁਹਰਾਏ ਜਾਣ ਨੂੰ ਘਟਾਉਣ ਲਈ, ਸਾਹਿਤਕ ਅਤੇ ਜਾਣਕਾਰੀ ਵਾਲੀਆਂ ਲਿਖ਼ਤ ਸਮੱਗਰੀ ਲਈ ਪੜ੍ਹਨ ਦੇ ਮਿਆਰਾਂ ਨੂੰ ਜੋੜਿਆ ਗਿਆ ਹੈ। ਪੜ੍ਹਨ ਦੇ ਸ਼ੁਰੂਆਤੀ ਵਿਕਾਸ ਵਿੱਚ ਸ਼ਾਮਲ ਹੁਨਰਾਂ ਦੀ ਸ਼੍ਰੇਣੀ 'ਤੇ ਖੋਜ ਨੂੰ ਬਿਹਤਰ ਢੰਗ ਨਾਲ ਦਰਸ਼ਾਉਣ ਲਈ, ਪਾਠਾਂ ਦੀ ਸਮਝ, ਮੁਲਾਂਕਣ ਅਤੇ ਵਰਤੋਂ ਨਾਲ ਸਬੰਧਤ ਮਿਆਰ ਸ਼ਾਮਲ ਕੀਤੇ ਗਏ ਹਨ। ਇਸ ਗੱਲ ਨੂੰ ਦਰਸ਼ਾਉਣ ਵਾਲੀ ਖੋਜ ਦੇ ਆਧਾਰ 'ਤੇ ਕਿ ਬੁਨਿਆਦੀ ਹੁਨਰ ਪੜ੍ਹਨ ਦੇ ਹੋਰ ਹੁਨਰਾਂ ਦੇ ਨਾਲ ਮਿਲ ਕੇ ਵਿਕਸਤ ਹੁੰਦੇ ਹਨ, ਕ੍ਰਮਵਾਰ ਨਹੀਂ, ਬੁਨਿਆਦੀ ਹੁਨਰਾਂ ਨੂੰ ਇੱਕ ਏਕੀਕ੍ਰਿਤ *ਰੀਡਿੰਗ* ਸਟ੍ਰੈਂਡ ਵਿੱਚ ਤਬਦੀਲ ਕੀਤਾ ਗਿਆ ਹੈ।

ਵਿਹਾਰਕ ਸੰਚਾਰ ਨੂੰ ਬਿਹਤਰ ਢੰਗ ਨਾਲ ਪ੍ਰਦਰਸ਼ਿਤ ਕਰਨ ਲਈ, ਲਿਖਣ ਦੇ ਸੰਸ਼ੋਧਿਤ ਮਿਆਰ ਬਿਰਤਾਂਤਕ, ਜਾਣਕਾਰੀ-ਸਬੰਧੀ, ਅਤੇ ਤਰਕਸ਼ੀਲ ਲਿਖਤ ਸਮੱਗਰੀ ਕਿਸਮਾਂ ਤੋਂ ਪਰੇ ਜਾਂਦੇ ਹਨ ਤਾਂ ਜੋ ਸ਼ੈਲੀਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਸ਼ਾਮਲ ਕੀਤਾ ਜਾ ਸਕੇ। ਸਥਿਰਤਾ ਦੇ ਸੰਭਾਵੀ ਪ੍ਰਭਾਵਾਂ ਨੂੰ ਉਜਾਗਰ ਕਰਨ ਵਾਸਤੇ, ਜਦੋਂ ਵਿਦਿਆਰਥੀ ਆਨਲਾਈਨ ਫੋਰਮਾਂ ਵਿੱਚ ਪ੍ਰਕਾਸ਼ਤ ਕਰਦੇ ਹਨ ਜਾਂ ਭਾਗ ਲੈਂਦੇ ਹਨ ਤਾਂ ਡਿਜੀਟਲ ਨਾਗਰਿਕਤਾ ਨੂੰ ਲਿਖਤੀ ਮਿਆਰਾਂ ਅਤੇ ਬੋਲਣ ਅਤੇ ਸੁਣਨ ਦੇ ਮਿਆਰਾਂ ਵਿੱਚ ਪੇਸ਼ ਕੀਤਾ ਗਿਆ ਹੈ। ਅੰਤ ਵਿੱਚ, ਭਾਸ਼ਾ ਦੇ ਸੰਸ਼ੋਧਿਤ ਮਿਆਰ ਭਾਸ਼ਾ ਦੀਆਂ ਦੋਹਰੀ ਵਿਵਸਥਾਵਾਂ ਅਤੇ ਢਾਂਚਾਗਤ ਸਾਖਰਤਾ ਦੇ ਤੌਰ-ਤਰੀਕਿਆਂ ਵਿੱਚ ਬਿਹਤਰ ਸਹਿਯੋਗ ਪ੍ਰਦਾਨ ਕਰਦੇ ਹਨ। ਕੁੱਲ ਮਿਲਾ ਕੇ, ਇਹ ਸੋਧਾਂ ਵਿਦਿਆਰਥੀਆਂ ਨੂੰ ਅਕਾਦਮਿਕ ਅਤੇ ਰੋਜ਼ਾਨਾ ਸੰਚਾਰ ਲਈ ਬਿਹਤਰ ਢੰਗ ਨਾਲ ਤਿਆਰ ਕਰਦੀਆਂ ਹਨ।